**Annual Syllabus (2025-26)**

**Class- VIII**

**Subject- Punjabi**

| **ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਸਿੱਖਣ ਉਦੇਸ਼ (ਸੁਝਾਤਮਕ)** | **ਸਿੱਖਣ ਨਤੀਜੇ (ਸੁਝਾਤਮਕ)** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-1**<br>**ਤੇਗ ਬਹਾਦਰ (ਕਵਿਤਾ)** | ਗੁਰੂ ਤੇਗ ਬਹਾਦਰ ਜੀ ਦੇ ਗੁਣਾਂ ਦਾ ਗੁਣ-ਗਾਣ ਕੀਤਾ ਗਿਆ ਹੈ। | ਕਿਰਿਆ। | ਵਿਦਿਆਰਥੀ<br>-ਕਵਿਤਾ ਵਿਧਾ ਤੋਂ ਜਾਣੂ ਹੋਣਗੇ।<br>-ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਨਗੇ।<br>-ਕਵਿਤਾ ਦੇ ਸਰਲ-ਅਰਥ ਅਤੇ ਵਿਸ਼ਾ-ਵਸਤੂ ਦੱਸ ਸਕਣਗੇ। | ਵਿਦਿਆਰਥੀ<br>-ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>-ਗੁਰੂ ਤੇਗ ਬਹਾਦਰ ਜੀ ਬਾਰੇ ਜਾਣਕਾਰੀ ਰੱਖਦੇ ਹਨ। | -ਕਵਿਤਾ ਦਾ ਉਚਾਰਨ ਕਰਦੇ ਸਮੇਂ ਵਿਦਿਆਰਥੀਆਂ ਦੀਆਂ ਉਚਾਰਨ ਅਸ਼ੁੱਧੀਆਂ ਨੂੰ ਸ਼ੁੱਧ ਕਰਾਉਣਾ।<br>-ਗੁਰੂ ਤੇਗ ਬਹਾਦਰ ਜੀ ਬਾਰੇ ਪੰਜ ਸਤਰਾਂ ਲਿਖਵਾਉਣਾ। |
| **ਪਾਠ-2**<br>**ਦਸ ਰੁਪਏ ਦਾ ਅਜੀਬ ਨੋਟ (ਕਹਾਣੀ)** | ਇਸ ਕਹਾਣੀ ਵਿੱਚ ਸਾਫ਼-ਸਫ਼ਾਈ ਰੱਖਣ ਬਾਰੇ ਸਿੱਖਿਆ ਦਿੱਤੀ ਗਈ ਹੈ। | ਵਿਸਰਾਮ ਚਿੰਨ੍ਹ, ਪੜਨਾਂਵ ਸ਼ਬਦ। | -ਕਹਾਣੀ ਵਿਧਾ ਤੋਂ ਜਾਣੂ ਹੋਣਗੇ।<br>- ਵਿਦਿਆਰਥੀਆਂ ਦੇ ਗਿਆਨ, ਕਲਪਨਾ ਸ਼ਕਤੀ ਅਤੇ ਸਿਰਜਨਾਤਮਕਤਾ ਵਿੱਚ ਵਾਧਾ ਹੋਵੇਗਾ। | -ਕਹਾਣੀ ਪੜ੍ਹਦੇ ਅਤੇ ਵਿਸ਼ਾ ਵਸਤੂ ਸਮਝਦੇ ਹਨ।<br>-ਕਿਰਿਆ ਅਤੇ ਕਿਰਿਆ ਵਿਸ਼ੇਸ਼ਣ ਚੁਣ ਕੇ ਖਾਲੀ ਥਾਵਾਂ ਭਰਦੇ ਹਨ।<br>-ਸਾਫ-ਸਫਾਈ ਦਾ ਮਹੱਤਵ ਸਮਝਦੇ ਹਨ। | -'ਸਫ਼ਾਈ ਅਭਿਆਨ' ਸੰਬੰਧੀ ਡਰਾਇੰਗ ਬਣਵਾਉਣਾ।<br>-ਵਿਸਰਾਮ ਚਿੰਨ੍ਹ ਲਗਾਉਣ ਲਈ ਕੋਈ ਪੈਰਾ ਦੇਣਾ।<br>-ਵਿਦਿਆਰਥੀ ਆਪੋ-ਆਪਣੇ ਮੁਹੱਲੇ ਦੀ ਸਫ਼ਾਈ ਵਿਵਸਥਾ ਬਾਰੇ ਲੇਖ ਲਿਖ ਸਕਦੇ ਹਨ। |

| | | | | | |
|---|---|---|---|---|---|
| | | | -ਕਹਾਣੀ ਤੋਂ ਪ੍ਰੇਰਨਾ ਲੈ ਕੇ ਵਾਸਤਵਿਕ ਜੀਵਨ ਵਿੱਚ ਸਿੱਖਿਆ ਹੋਇਆ ਲਾਗੂ ਕਰਨਗੇ।<br>-ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਸਿੱਖਣਗੇ।<br>-ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਬਾਰੇ ਪ੍ਰੇਰਿਤ ਹੋਣਗੇ। | **-**ਵਿਸਰਾਮ ਚਿੰਨ ਵਰਤੋਂ ਦਾ ਅਭਿਆਸ ਕਰਦੇ ਹਨ। | |
| **ਪਾਠ-3**<br>**ਨਵਰੋਜ਼**<br>**(ਲੇਖ)** | ਨਵਰੋਜ਼ ਤਿਉਹਾਰ ਦੇ ਇਤਿਹਾਸ ਅਤੇ ਮਨਾਉਣ ਦੇ ਢੰਗ ਬਾਰੇ ਜਾਣਕਾਰੀ ਦਿੱਤੀ ਗਈ ਹੈ। | ਕਿਰਿਆ ਵਿਸ਼ੇਸ਼ਣ ਸੰਬੰਧੀ ਵਿਹਾਰਕ ਪ੍ਰਸ਼ਨ। | -ਲੇਖ ਦੀ ਵਿਧਾ ਤੋਂ ਜਾਣੂ ਹੋਣਗੇ।<br>-ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੇ ਮਹੱਤਵ ਦੀ ਜਾਣਕਾਰੀ ਹਾਸਲ ਕਰਨਗੇ।<br>-ਮੇਲਿਆਂ ਅਤੇ ਤਿਉਹਾਰਾਂ ਤੋਂ ਆਪਸੀ ਸਾਂਝ ਅਤੇ ਭਾਈਚਾਰੇ ਦੀ ਭਾਵਨਾ ਵਿਕਸਿਤ ਹੋਣ ਬਾਰੇ ਚਰਚਾ ਕਰਨਗੇ।<br>-ਨਵਰੋਜ਼ ਨੂੰ ਮਨਾਉਣ ਦੇ ਢੰਗ ਬਾਰੇ ਜਾਣਕਾਰੀ ਹਾਸਲ ਕਰਨਗੇ। | -'ਨਵਰੋਜ਼' ਤਿਉਹਾਰ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ।<br>-ਤਿਉਹਾਰਾਂ ਦੇ ਮਾਧਿਅਮ ਨਾਲ ਏਕਤਾ ਅਤੇ ਭਾਈਚਾਰਕ ਸਾਂਝ ਦਾ ਗੁਣ ਸਿੱਖਦੇ ਹਨ। | **-**ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੀ ਸੂਚੀ ਤਿਆਰ ਕਰਵਾਉਣਾ।<br>**-**ਵਿਦਿਆਰਥੀਆਂ ਦੇ ਮਨਪਸੰਦ ਤਿਉਹਾਰ ਬਾਰੇ ਕੋਈ ਡਰਾਇੰਗ ਬਣਵਾ ਕੇ ਪੰਜ ਸਤਰਾਂ ਵਿੱਚ ਵਰਨਣ ਕਰਵਾਉਣਾ।<br>-'ਮਨਭਾਉਂਦਾ ਤਿਉਹਾਰ' 'ਤੇ ਕੋਈ ਲੇਖ। |
| **ਪਾਠ-4**<br>**ਪਾਂਡੀ ਪਾਤਸ਼ਾਹ**<br>**(ਕਵਿਤਾ)** | ਮਹਾਰਾਜਾ ਰਣਜੀਤ ਸਿੰਘ ਦੁਆਰਾ ਅਕਾਲ | ਗੁਰਮੁਖੀ ਸ਼ਬਦ। | -ਕਵਿਤਾ ਦਾ ਉਚਾਰਨ ਸੁਰ,ਲੈਅ,ਤਾਲ ਨਾਲ ਕਰਨਗੇ। | **-**ਕਵਿਤਾ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੁੰਦੇ ਹਨ। | -ਮਹਾਰਾਜਾ ਰਣਜੀਤ ਸਿੰਘ ਬਾਰੇ ਹੋਰ ਜਾਣਕਾਰੀ ਦੇਣਾ। |

| | | | | | |
|---|---|---|---|---|---|
| | ਦੇ ਸਮੇਂ ਦੌਰਾਨ ਪਰਜਾ ਲਈ ਕੀਤੇ ਕੰਮਾਂ ਕਾਰਨ ਉਨ੍ਹਾਂ ਦੀ ਸ਼ਲਾਘਾ ਦਾ ਵਰਨਣ ਹੈ। | | -ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਬਾਰੇ ਜਾਣਨਗੇ।<br>-ਆਪਦਾ ਸਮੇਂ ਪੇਸ਼ ਆਉਂਦੀਆਂ ਚੁਣੌਤੀਆਂ ਬਾਰੇ ਜਾਣਨਗੇ। | -ਕੁਦਰਤੀ ਆਪਦਾਵਾਂ (ਆਫ਼ਤਾਵਾਂ) ਬਾਰੇ ਚੇਤੰਨ ਹੁੰਦੇ ਹਨ। | -ਕਿਸੇ ਅਚਾਨਕ ਆਈ ਆਪਦਾ ਤੋਂ ਨਿਪਟਣ ਬਾਰੇ ਜਮਾਤ ਵਿੱਚ ਚਰਚਾ ਕਰਵਾਉਣਾ।<br>-ਮੌਕ ਡਰਿਲ/ਕੁਦਰਤੀ ਆਫ਼ਤ ਦੇ ਸਮੇਂ ਤਿਆਰ ਰਹਿਣ ਲਈ ਜਮਾਤ ਪੱਧਰ 'ਤੇ ਅਭਿਆਸ ਕਰਨਾ। |
| **ਪਾਠ-5**<br>**ਇੱਕ ਨਵੀਂ ਸਵੇਰ ਦੀ ਦਾਸਤਾਨ - ਅਰੂਨਿਮਾ ਸਿਨਹਾ (ਜੀਵਨੀ)** | ਅਰੂਨਿਮਾ ਸਿਨਹਾ ਦੇ ਜੀਵਨ,ਸੰਘਰਸ਼ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਵਿਦਿਆਰਥੀਆਂ ਨੂੰ ਆਪਣੀ ਸਕਾਰਾਤਮਕ ਸੋਚ ਅਤੇ ਜਜ਼ਬੇ ਰਾਹੀਂ ਹਰ ਮੰਜ਼ਲ ਹਾਸਲ ਕਰ ਲੈਣ | ਵਾਕਾਂ ਵਿੱਚ ਵਰਤੋ,<br>ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ। | -ਵਿਦਿਆਰਥੀ ਅਰੂਨਿਮਾ ਸਿਨਹਾ ਦੇ ਸੰਘਰਸ਼ਾਂ ਤੋਂ ਪ੍ਰੇਰਿਤ ਹੋਣਗੇ।<br>-ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਵਿਦਿਆਰਥੀ ਜੀਵਨ ਵਿੱਚ ਮਹੱਤਵ ਨੂੰ ਸਮਝਣਗੇ।<br>-ਜੀਵਨ ਵਿੱਚ ਸਦਾ ਸਕਾਰਾਤਮਕ ਰਹਿਣ ਦੇ ਨਜ਼ਰੀਏ ਨੂੰ ਅਪਣਾਉਣਗੇ। | -ਵਿਦਿਆਰਥੀ ਜੀਵਨੀ ਵਿੱਚ ਆਏ ਵਿਚਾਰਾਂ ਨੂੰ ਸਮਝਦੇ ਹਨ।<br>-ਅਰੂਨਿਮਾ ਸਿਨਹਾ ਵਰਗੇ ਖਿਡਾਰੀਆਂ ਬਾਰੇ ਹੋਰ ਜਾਣਕਾਰੀ ਇਕੱਠੀ ਕਰਦੇ ਹਨ।<br>-ਵਿਪਰੀਤ ਹਾਲਤ ਵਿੱਚ ਹੌਸਲਾ ਬਣਾਏ ਰੱਖਦੇ ਹਨ। | -ਮੁਸੀਬਤ ਦੇ ਸਮੇਂ ਹਿੰਮਤ ਤੋਂ ਕੰਮ ਲੈਣ ਬਾਰੇ ਵਿਚਾਰ ਚਰਚਾ ਕਰਨਾ।<br>-ਵਿਸ਼ੇਸ਼ ਯੋਗਤਾ ਰੱਖਦੇ ਖਿਡਾਰੀਆਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਕਾਪੀ ਵਿੱਚ ਚਿਪਕਾਉਣਾ।<br>- 'ਮਾਉਂਟ ਐਵਰਸਟ' ਬਾਰੇ ਪੰਜ ਸਤਰਾਂ ਲਿਖਣ ਲਈ ਦੇਣਾ।<br>-ਜਮਾਤ ਵਿੱਚ ਹਰੇਕ ਵਰਗ ਨਾਲ ਸੰਬੰਧਤ ਵਿਦਿਆਰਥੀ |

| | | | | | |
|---|---|---|---|---|---|
| | ਦਾ ਸੁਨੇਹਾ ਦਿੱਤਾ ਗਿਆ ਹੈ। | | | | ਦੀ ਹਰੇਕ ਗਤੀਵਿਧੀ ਵਿੱਚ ਭਾਗੀਦਾਰੀ ਯਕੀਨੀ ਬਣਾਉਣਾ। |
| **ਪਾਠ-6 ਦਿੱਲੀ ਦਾ ਰਾਜ-ਪੰਛੀ-ਚਿੜੀ (ਲੇਖ)** | ਚਿੜੀ ਬਾਰੇ ਜਾਣਕਾਰੀ,ਅਲੋਪ ਹੋਣ ਦੇ ਕਾਰਨ ਅਤੇ ਰਾਜ-ਪੰਛੀ ਦਾ ਦਰਜਾ ਦਿੱਤੇ ਜਾਣ ਦਾ ਵਰਨਣ ਹੈ। | ਵਿਸਰਾਮ ਚਿਨ੍ਹ, ਮਿਲਾਨ ਕਰੋ, ਲਗਾਖਰ, ਵਾਕ ਬਣਾਓ। | -'ਚਿੜੀ' ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।<br>-ਚਿੜੀ ਪ੍ਰਜਾਤੀ ਦੇ ਅਲੋਪ ਹੋਣ ਦੇ ਕਾਰਨਾਂ ਬਾਰੇ ਜਾਣਨਗੇ।<br>-ਵਾਤਾਵਰਨ ਦੀ ਸਾਂਭ-ਸੰਭਾਲ ਕਰਨਾ ਸਿੱਖਣਗੇ। | -ਪਾਠ ਵਿੱਚ ਆਏ ਵਿਚਾਰਾਂ ਉੱਤੇ ਚਿੰਤਨ ਕਰਦੇ ਹਨ।<br>-ਚਿੜੀ ਵਰਗੇ ਅਲੋਪ ਹੋ ਰਹੇ ਪੰਛੀਆਂ ਦੇ ਬਚਾਅ ਬਾਰੇ ਚਰਚਾ ਕਰਦੇ ਹਨ। | -ਚਿੜੀ ਨਾਲ ਸੰਬੰਧਤ ਕੋਈ ਕਹਾਣੀ ਜਮਾਤ ਵਿੱਚ ਸੁਣਾਉਣਾ।<br>-ਚਿੜੀ ਦੀ ਤਸਵੀਰ ਬਣਵਾ ਕੇ ਵੰਨ-ਸੁਵੰਨੇ ਰੰਗ ਭਰਵਾਉਣਾ।<br>-ਪਸ਼ੂ-ਪੰਛੀਆਂ ਦੀ ਦੇਖਭਾਲ ਸੰਬੰਧੀ ਜਾਣਕਾਰੀ ਦੇਣਾ।<br>-ਰੋਜਮੱਰਾ ਦੌਰਾਨ ਉਹ ਕਿਹੜੇ-ਕਿਹੜੇ ਪੰਛੀਆਂ ਨੂੰ ਦੇਖਦੇ ਹਨ? |
| **ਪਾਠ-7 ਇੱਕ ਪਿਆਲਾ ਪਾਣੀ (ਕਵਿਤਾ)** | ਅਕਬਰ ਅਤੇ ਬੀਰਬਲ ਦੇ ਵਾਰਤਾਲਾਪ ਰਾਹੀਂ ਸਾਡੇ ਜੀਵਨ ਵਿੱਚ ਜਲ ਦੇ ਮਹੱਤਵ ਨੂੰ ਦੱਸਿਆ ਗਿਆ ਹੈ। | ਮੁਹਾਵਰੇ (ਬਹੁਵਿਕਲਪੀ), ਵਾਕ ਬਣਾਓ, ਕਾਲ ਬਦਲੋ। | -ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਨਗੇ।<br>-ਕਵਿਤਾ ਦਾ ਕੇਂਦਰੀ ਭਾਵ ਸਮਝਣਗੇ।<br>**-**ਵਿਦਿਆਰਥੀ,ਅਕਬਰ ਅਤੇ ਬੀਰਬਲ ਦੀ ਕੋਈ ਹੋਰ ਪ੍ਰੇਰਣਾਦਾਇਕ ਗੱਲ-ਬਾਤ ਜਮਾਤ ਵਿੱਚ ਸੁਣਾਉਣਗੇ। | **-**ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ।<br>**-**ਜਲ/ਪਾਣੀ ਦੀ ਸੰਭਾਲ ਬਾਰੇ ਜਾਗਰੂਕ ਹੁੰਦੇ ਹਨ। | **-**ਕਵਿਤਾ ਵਿੱਚ ਆਏ ਵਿਚਾਰਾਂ ਤੋਂ ਜਾਣੂ ਕਰਾਉਣਾ।<br>**-** 'ਜਲ ਪ੍ਰਦੂਸ਼ਣ' ਉੱਤੇ ਚਿੱਤਰ/ਡਰਾਇੰਗ ਬਣਵਾਉਣਾ।<br>-ਇੱਕ ਹਫ਼ਤੇ ਦੌਰਾਨ ਉਹਨਾਂ ਨੇ ਪਾਣੀ ਦੇ ਕਿਹੜੇ-ਕਿਹੜੇ ਸੋਮੇ ਦੇਖੇ ਅਤੇ ਪਾਣੀ ਦੀ ਬਰਬਾਦੀ |

| | | | | | |
|---|---|---|---|---|---|
| | | | | | ਨੂੰ ਰੋਕਣ ਲਈ ਕੀ ਉਪਰਾਲਾ ਕੀਤਾ?ਪ੍ਰੋਜੈਕਟ ਰਿਪੋਰਟ। |
| **ਪਾਠ-8<br>ਇੱਕ ਦੁਨੀਆ ਇਹ ਵੀ<br>(ਵਾਰਤਾਲਾਪ)<br>ਸਿਰਫ਼ ਪੜ੍ਹਨ ਲਈ** | ਵਾਰਤਾਲਾਪ ਰਾਹੀਂ ਵਿਦਿਆਰਥੀਆਂ ਨੂੰ ਟ੍ਰਾਂਸਜੈਂਡਰ ਸਮਾਜ ਦੇ ਜੀਵਨ,ਸੰਘਰਸ਼ ਤੇ ਚੁਣੌਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। | ਅਣਡਿੱਠਾ ਪੈਰਾ। | -ਪਾਠ ਵਿੱਚ ਆਏ ਵਿਚਾਰਾਂ ਨੂੰ ਸਮਝਣਗੇ।<br>-ਟ੍ਰਾਂਸਜੈਂਡਰ ਸਮਾਜ ਬਾਰੇ ਸੁਹਿਰਦਤਾ ਰੱਖਣਗੇ। | -ਪਾਠ ਦੇ ਵਿਸ਼ੇ ਉੱਤੇ ਚਰਚਾ ਕਰਦੇ ਹਨ।<br>-ਟ੍ਰਾਂਸਜੈਂਡਰ ਸਮਾਜ ਦੇ ਸੰਘਰਸ਼,ਦਿੱਕਤਾਂ ਨੂੰ ਸਮਝਦੇ ਹਨ। | -ਵਿਦਿਆਰਥੀਆਂ ਨੂੰ ਟ੍ਰਾਂਸਜੈਂਡਰ ਬਾਰੇ ਜਾਣਕਾਰੀ ਦੇਣਾ।<br>-ਟ੍ਰਾਂਸਜੈਂਡਰ ਸਮਾਜ ਦੀਆਂ ਚੁਣੌਤੀਆਂ ਬਾਰੇ ਚਰਚਾ ਕਰਨਾ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ-<br>ਕੋਈ ਰਾਸ਼ਟਰੀ ਤਿਉਹਾਰ<br>ਪੱਤਰ-<br>ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ। | -ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਆਕਰਨਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ ਅਤੇ ਅਭਿਆਸ ਕਰਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਹਿਦਾਇਤ ਦੇਣੀ ਅਤੇ ਗਲਤੀਆਂ ਸੋਧਣਾ।<br>-ਕੋਈ ਚਿੱਤਰ ਦੇ ਕੇ ਵਰਨਣ ਕਰਵਾਉਣਾ। |

| | | | | | |
|---|---|---|---|---|---|
| | | ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | | | -ਵੱਖੋ-ਵੱਖਰੇ ਪੱਤਰਾਂ ਦਾ ਅਤੇ ਲੇਖਾਂ ਦਾ ਅਭਿਆਸ। |

- **ਉਪਰੋਕਤ ਪਾਠਕ੍ਰਮ 6 ਸਤੰਬਰ 2025 ਤੱਕ ਪੂਰਾ ਕਰ ਲਿਆ ਜਾਵੇ।**
- **ਪਹਿਲੀ ਟਰਮ ਲਈ ਦੁਹਰਾਈ ਕਾਰਜ ਕਰ ਲਿਆ ਜਾਵੇ।**

| **ਮਾਣਕ-ਮਾਲਾ ਭਾਗ-3 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਸਿੱਖਣ ਉਦੇਸ਼ (ਸੁਝਾਤਮਕ)** | **ਸਿੱਖਣ ਨਤੀਜੇ (ਸੁਝਾਤਮਕ)** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-9**<br>**ਦਿੱਲੀ ਦਾ ਸਾਂਝਾ ਮੇਲਾ**<br>**(ਲੇਖ)** | ਇਸ ਲੇਖ ਵਿੱਚ ਦਿੱਲੀ ਵਿੱਚ ਮਨਾਏ ਜਾਂਦੇ 'ਫੂਲ ਵਾਲੋਂ ਕੀ ਸੈਰ' ਮੇਲੇ ਦਾ ਇਤਿਹਾਸਕ ਪਿਛੋਕੜ ਅਤੇ ਵਿਲੱਖਣਤਾ ਦੱਸਦੇ ਹੋਏ ਦਿੱਲੀ ਦੇ ਸੰਦਰਭ ਵਿੱਚ ਇਸਦੇ ਸਾਂਝੇ ਸੱਭਿਆਚਾਰਕ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। | ਕਿਰਿਆ, ਵਿਸ਼ੇਸ਼ਣ ਸ਼ਬਦਾਂ ਦੀ ਪਛਾਣ। | -ਦਿੱਲੀ ਵਿੱਚ ਮਨਾਏ ਜਾਂਦੇ ਮੇਲਿਆਂ ਬਾਰੇ ਜਾਣਕਾਰੀ ਹਾਸਲ ਕਰਨਗੇ।<br>-'ਫੂਲ ਵਾਲੋਂ ਕੀ ਸੈਰ'ਮੇਲੇ ਦਾ ਇਤਿਹਾਸ ਅਤੇ ਵਿਲੱਖਣਤਾ ਬਾਰੇ ਚਰਚਾ ਕਰਨਗੇ।<br>- ਵਿਦਿਆਰਥੀਆਂ ਵਿੱਚ ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਹੋਵੇਗਾ। | -ਵਿਦਿਆਰਥੀ ਦਿੱਲੀ ਦੇ ਇਸ ਵਿਲੱਖਣ ਮੇਲੇ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ।<br>-ਆਪਸੀ ਮੇਲ-ਜੋਲ ਦੀ ਭਾਵਨਾ ਦਾ ਮਹੱਤਵ ਸਮਝਦੇ ਹਨ।<br>-ਵਿਸ਼ੇਸ਼ਣ ਸ਼ਬਦਾਂ ਨੂੰ ਪਛਾਣਦੇ ਹਨ। | -ਦਿੱਲੀ ਵਿੱਚ ਮਨਾਏ ਜਾਂਦੇ ਹੋਰ ਮੇਲਿਆਂ ਬਾਰੇ ਜਾਣਕਾਰੀ ਇਕੱਠੀ ਕਰਵਾਉਣਾ।<br>-ਵਿਦਿਆਰਥੀਆਂ ਦੁਆਰਾ ਕਿਸੇ ਅੱਖੀਂ ਡਿੱਠੇ ਮੇਲੇ ਦਾ ਅਨੁਭਵ ਜਮਾਤ ਵਿੱਚ ਸੁਣਨਾ/ਸੁਣਾਉਣਾ। |

| | | | | | |
|---|---|---|---|---|---|
| **ਪਾਠ-10**<br>**ਹਿੰਮਤ ਦੀ ਫ਼ਤਹਿ**<br>**(ਕਵਿਤਾ)** | ਦੌਲਤ,ਅਕਲ,ਵਿੱਦਿਆ,ਹੋਣੀ ਦੇ ਅੱਗੇ ਹਿੰਮਤ ਨੂੰ ਵੱਡਾ ਦਰਸਾਇਆ ਗਿਆ ਹੈ। | ਮੁਹਾਵਰੇ, ਭਿੰਨ-ਅਰਥਕ ਸ਼ਬਦ। | -ਸੁਰ,ਲੈਅ ਅਤੇ ਤਾਲ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਨਗੇ।<br>-ਕਵਿਤਾ ਦਾ ਕੇਂਦਰੀ ਭਾਵ ਸਮਝਣਗੇ।<br>-ਹਿੰਮਤ ਦੇ ਗੁਣ ਨੂੰ ਜੀਵਨ ਵਿੱਚ ਅਪਣਾਉਣਗੇ। | -ਕਵਿਤਾ ਦਾ ਅਭਿਆਸ ਲਿਖਦੇ ਹਨ।<br>-ਕਵਿਤਾ ਵਿੱਚ ਆਏ ਵਿਚਾਰਾਂ ਤੋਂ ਪ੍ਰੇਰਨਾ ਲੈਂਦੇ ਹਨ। | -ਵਿਦਿਆਰਥੀਆਂ ਨੂੰ ਜੀਵਨ ਵਿੱਚ ਹਿੰਮਤ ਬਣਾਈ ਰੱਖਣ ਸੰਬੰਧੀ ਕੋਈ ਕਹਾਣੀ ਸੁਣਾਉਣਾ।<br>-ਜੁੜੇ ਵਿਸ਼ੇ ਉੱਪਰ ਕਵਿਤਾ ਰਚਨਾ ਕਰਵਾਈ ਜਾ ਸਕਦੀ ਹੈ। |
| **ਪਾਠ-11**<br>**ਨਿਰਭਉ**<br>**(ਕਹਾਣੀ)** | ਇਸ ਕਹਾਣੀ ਰਾਹੀਂ ਅੰਧਵਿਸ਼ਵਾਸਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ। | ਕਾਰਕ ਸੰਬੰਧੀ ਵਿਹਾਰਕ ਪ੍ਰਸ਼ਨ। | **-**ਵਿਦਿਆਰਥੀ ਅੰਧਵਿਸ਼ਵਾਸਾਂ ਤੋਂ ਦੂਰ ਰਹਿਣ ਬਾਰੇ ਪ੍ਰੇਰਿਤ ਹੋਣਗੇ ।<br>-ਵਿਦਿਆਰਥੀ ਤਰਕ ਸਹਿਤ ਆਪਣੀ ਗੱਲ ਦੂਜਿਆਂ ਸਾਹਮਣੇ ਰੱਖਣਾ ਸਿੱਖਣਗੇ। | **-**ਅੰਧ-ਵਿਸ਼ਵਾਸਾਂ ਪ੍ਰਤੀ ਜਾਗਰੂਕ ਹਨ।<br>**-**ਕਾਰਕ ਸੰਬੰਧੀ ਵਰਕਸ਼ੀਟ ਹਲ ਕਰਦੇ ਹਨ। | **-** ਦੋ ਵਿਦਿਆਰਥੀਆਂ ਦਾ ਜੁੱਟ ਬਣਵਾ ਕੇ ਉਹਨਾਂ ਨੂੰ ਜਮਾਤ ਨੂੰ ਅੰਧ-ਵਿਸ਼ਵਾਸਾਂ ਪ੍ਰਤੀ ਜਾਗਰੂਕ ਕਰਨ ਲਈ ਆਪਸ ਵਿੱਚ ਵਿਚਾਰ ਚਰਚਾ ਕਰਕੇ ਕੱਢੇ ਗਏ ਸਿੱਟੇ ਨੂੰ ਜਮਾਤ ਵਿੱਚ ਸਾਂਝਾ ਕਰਨ ਦਾ ਮੌਕਾ ਦੇਣਾ।<br>**-**ਵੱਖ-ਵੱਖ ਵਿਆਕਰਨ ਸ਼੍ਰੇਣੀਆਂ ਸੰਬੰਧੀ ਵਰਕਸ਼ੀਟ ਦੇ ਕੇ ਵਿਆਕਰਨ ਦਾ ਵਿਹਾਰਕ ਗਿਆਨ ਦੇਣਾ। |

| | | | | | |
|---|---|---|---|---|---|
| **ਪਾਠ-12**<br>**ਕਰਤਾਰ ਸਿੰਘ ਸਰਾਭਾ**<br>**(ਜੀਵਨੀ)** | ਕਰਤਾਰ ਸਿੰਘ ਸਰਾਭਾ ਦੇ ਜੀਵਨ,ਅਜ਼ਾਦੀ ਪ੍ਰਾਪਤੀ ਲਈ ਦਿੱਤੇ ਯੋਗਦਾਨ ਤੇ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ ਗਈ ਹੈ। | ਯੋਜਕ। | -ਜੀਵਨੀ ਵਿਧਾ ਤੋਂ ਜਾਣੂ ਹੋਣਗੇ।<br>-ਦੇਸ਼ ਦੀ ਅਜ਼ਾਦੀ ਲਈ ਸ਼ਹੀਦ ਹੋਏ ਦੇਸ਼ਭਗਤਾਂ ਬਾਰੇ ਜਾਨਣਗੇ। | -ਪਾਠ ਅਭਿਆਸ ਲਿਖਦੇ ਹਨ।<br>-ਜੀਵਨੀ ਵਿੱਚ ਆਏ ਵੇਰਵੇ ਨੂੰ ਜਾਣਦੇ ਹਨ। | -ਅਜ਼ਾਦੀ ਪ੍ਰਾਪਤੀ ਵਿੱਚ ਕਰਤਾਰ ਸਿੰਘ ਸਰਾਭਾ ਦੇ ਵਿਸ਼ੇਸ਼ ਯੋਗਦਾਨ ਬਾਰੇ ਜਾਣਕਾਰੀ ਦੇਣਾ।<br>-ਵਿਦਿਆਰਥੀਆਂ ਤੋਂ ਸਮੂਹਿਕ ਰੂਪ ਵਿੱਚ ਕਿਸੇ ਹੋਰ ਪੰਜਾਬੀ ਨਾਇਕ ਬਾਰੇ ਜਾਣਕਾਰੀ ਇਕੱਠੀ ਕਰਵਾਉਣਾ।<br>-ਇਸ ਜੀਵਨੀ ਨੂੰ ਨਾਟਕ ਰੂਪ ਵਿੱਚ ਪੇਸ਼ ਕਰਨਾ (ਜਮਾਤੀ ਪੱਧਰ ‘ਤੇ) |
| **ਪਾਠ-13**<br>**ਆਈ ਏ ਬਸੰਤ**<br>**(ਕਵਿਤਾ)** | ਬਸੰਤ ਰੁੱਤ ਦੇ ਸੁਹਾਵਣੇ ਦ੍ਰਿਸ਼,ਵਾਤਾਵਰਨ ਵਿੱਚ ਬਦਲਾਵ ਅਤੇ ਲੋਕਾਂ ਵਿੱਚ ਨਵੀਂ ਉਮੰਗ ਦਾ ਚਿਤਰਨ ਕੀਤਾ ਗਿਆ ਹੈ। | ਵਾਕ ਬਣਾਉ, ਸ਼ਬਦ ਸ਼ੁੱਧੀ, ਸਮਾਨਾਰਥੀ ਸ਼ਬਦ। | -ਵਿਦਿਆਰਥੀ ਕਵਿਤਾ ਦਾ ਆਦਰਸ਼ ਵਾਚਨ ਕਰਕੇ ਕਵਿਤਾ ਦਾ ਆਨੰਦ ਮਾਣਨਗੇ।<br>-ਬਸੰਤ ਰੁੱਤ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਹਾਸਲ ਕਰਨਗੇ। | -ਰੁੱਤਾਂ ਦਾ ਜੀਵਨ ਵਿੱਚ ਮਹੱਤਵ ਸਮਝਦੇ ਹਨ। | -ਵੱਖ-ਵੱਖ ਰੁੱਤਾਂ ਦਾ ਚਾਰਟ ਦਿਖਾ ਕੇ ਰੁੱਤਾਂ ਬਾਰੇ ਜਾਣਕਾਰੀ ਦੇਣਾ।<br>-ਬਸੰਤ ਰੁੱਤ ਬਾਰੇ ਚਿੱਤਰ ਦੇ ਕੇ ਵਰਨਣ ਕਰਾਉਣਾ।<br>-ਵਿਆਕਰਨ ਦਾ ਅਭਿਆਸ ਕਰਾਉਣਾ। |
| **ਪਾਠ-14**<br>**ਰੁੱਖਾਂ ਨੂੰ ਗਲਵੱਕੜੀ**<br>**(ਲੇਖ)** | ਭਾਰਤ ਵਿੱਚ ਵੱਖ-ਵੱਖ ਸਮੇਂ ‘ਤੇ ਰੁੱਖਾਂ ਨੂੰ ਬਚਾਉਣ ਲਈ ਚਲਾਈਆਂ ਗਈਆਂ ਮੁਹਿੰਮਾਂ ਖਾਸ ਕਰਕੇ ਬਿਸ਼ਨੋਈ ਸਮਾਜ ਅਤੇ ਪਹਾੜੀ ਲੋਕਾਂ | ਵਾਕ ਬਣਾਉ, ਸੰਬੰਧਕ। | -ਵਿਦਿਆਰਥੀ ਚਿਪਕੋ ਅੰਦੋਲਨ ਬਾਰੇ ਜਾਣਕਾਰੀ ਹਾਸਲ ਕਰਨਗੇ।<br>-ਵਿਦਿਆਰਥੀ ਰੁੱਖ ਲਗਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ | -ਪਾਠ ਵਿੱਚ ਆਏ ਵਿਚਾਰਾਂ ਤੋਂ ਜਾਣੂੰ ਹੁੰਦੇ ਹਨ।<br>-ਰੁੱਖਾਂ ਦਾ ਜੀਵਨ ਵਿੱਚ ਮਹੱਤਵ ਸਮਝਦੇ ਹਨ। | -ਰੁੱਖਾਂ ਦੀ ਸੰਭਾਲ ਬਾਰੇ ਚਰਚਾ ਕਰਵਾਉਣੀ।<br>-ਪ੍ਰਦੂਸ਼ਣ ਵਿਸ਼ੇ ਉੱਤੇ ਪ੍ਰਸ਼ਨੋਤਰੀ ਕਰਵਾਉਣੀ। |

| | | | | | |
|---|---|---|---|---|---|
| | ਦੁਆਰਾ ਕੀਤੇ ਯਤਨਾਂ ਅਤੇ 'ਚਿਪਕੋ ਲਹਿਰ' ਦੀ ਸਫ਼ਲਤਾ ਬਾਰੇ ਜਾਣਕਾਰੀ ਹੈ। | | ਕਰਨ ਦੀ ਪ੍ਰੇਰਨਾ ਹਾਸਲ ਕਰਨਗੇ। | | -ਰੁੱਖਾਂ ਦੀ ਸਾਂਭ-ਸੰਭਾਲ ਲਈ ਨਿਜੀ ਤੌਰ 'ਤੇ ਕੀਤੇ ਗਏ ਉਪਰਾਲੇ। |
| **ਪਾਠ-15 ਗੁਬਾਰੇ ਵਾਲਾ (ਇਕਾਂਗੀ)** | ਇੱਕ ਗਰੀਬ ਬੱਚੇ ਦੁਆਰਾ ਆਪਣੀਆਂ ਜ਼ਰੂਰਤਾਂ ਤੋਂ ਉੱਪਰ ਉਠ ਕੇ ਕਿਸੇ ਬਾਰੇ ਸੋਚਣਾ ਅਤੇ ਇੱਕ ਔਰਤ ਦੁਆਰਾ ਉਸਦੇ ਸੰਘਰਸ਼ ਅਤੇ ਉੱਚੀ ਸੋਚ ਤੋਂ ਪ੍ਰੇਰਿਤ ਹੋਣ ਬਾਰੇ ਦੱਸਿਆ ਗਿਆ ਹੈ। | ਵਾਕ ਬਣਾਓ, ਸ਼ਬਦ ਸ਼ੁੱਧੀ, ਵਿਸਮਿਕ। | -ਇਕਾਂਗੀ ਦੀ ਵਿਧਾ ਸਮਝਣਗੇ।<br>-ਇਕਾਂਗੀ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੋਣਗੇ।<br>-ਆਪਣੇ ਆਸ-ਪਾਸ ਵਾਪਰਨ ਵਾਲੀਆਂ ਛੋਟੀਆਂ-ਛੋਟੀਆਂ ਘਟਨਾਵਾਂ ਵੱਲ ਧਿਆਨ ਦੇਣਗੇ। | -ਇਕਾਂਗੀ ਦੀ ਵਿਧਾ ਸਮਝਦੇ ਹਨ।<br>-ਪਰਿਵਾਰਕ ਜ਼ਿੰਮੇਵਾਰੀਆਂ ਬਾਰੇ ਸਮਝਦੇ ਹਨ।<br>-ਦੂਜਿਆਂ ਦੀ ਮਦਦ ਕਰਨਾ ਸਿੱਖਦੇ ਹਨ। | -ਇਕਾਂਗੀ ਵਿੱਚ ਆਏ ਪਾਤਰਾਂ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਪਾਤਰ ਬਣਾਉਂਦੇ ਹੋਏ ਇਕਾਂਗੀ ਪੜ੍ਹਾਉਣਾ ਅਤੇ ਜਮਾਤ ਜਾਂ ਸਵੇਰ ਸਭਾ ਵਿੱਚ ਲਘੂ ਨਾਟਕ ਪੇਸ਼ ਕਰਨਾ।<br>-ਇਕਾਂਗੀ ਵਿੱਚ ਆਏ ਮਨਪਸੰਦ ਪਾਤਰ ਉੱਤੇ ਅਧਾਰਤ ਕੋਈ ਸਕਿੱਟ/ਨਕਲ ਪੇਸ਼ ਕਰਨ ਲਈ ਉਤਸਾਹਤ ਕਰਨਾ। |
| **ਪਾਠ-16 ਮਾਂ-ਬੋਲੀ ਦਾ ਸਾਗਰ (ਕਵਿਤਾ) ਸਿਰਫ਼ ਪੜ੍ਹਨ ਲਈ** | ਮਾਂ-ਬੋਲੀ ਦਾ ਗੁਣ-ਗਾਣ ਅਤੇ ਮਾਂ-ਬੋਲੀ ਨੂੰ ਉੱਚਾ ਸਥਾਨ ਦੇਣ ਬਾਰੇ ਵਰਨਣ ਹੈ। | ਤਸਵੀਰ ਵਰਨਣ, ਅਣਡਿੱਠਾ ਪੈਰਾ। | -ਕਵਿਤਾ ਦਾ ਆਦਰਸ਼ ਵਾਚਨ ਕਰਕੇ ਕਵਿਤਾ ਦਾ ਆਨੰਦ ਮਾਣਨਗੇ।<br>-ਕਵਿਤਾ ਦਾ ਕੇਂਦਰੀ ਭਾਵ ਸਮਝਣਗੇ। | -ਬੋਲੀ ਬਾਰੇ ਜਾਣਕਾਰੀ ਰੱਖਦੇ ਹਨ।<br>-ਮਾਂ-ਬੋਲੀ ਦੇ ਜੀਵਨ ਵਿੱਚ ਮਹੱਤਵ ਨੂੰ ਸਮਝਦੇ ਹਨ। | -ਮਾਂ-ਬੋਲੀ ਦੇ ਮਹੱਤਵ ਬਾਰੇ ਜਾਣਕਾਰੀ ਦੇਣਾ।<br>-ਕੌਮਾਂਤਰੀ ਮਾਂ-ਬੋਲੀ ਦਿਵਸ ਬਾਰੇ ਚਰਚਾ ਕਰਨੀ। |

| | | | | | |
|---|---|---|---|---|---|
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਸਮੇਂ ਦਾ ਮਹੱਤਵ<br>ਪੱਤਰ- ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ।<br>ਅਣਡਿੱਠਾ ਪੈਰਾ, ਚਿੱਤਰ/ਦ੍ਰਿਸ਼ ਵਰਨਣ। | -ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਆਕਰਨਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ ਅਤੇ ਅਭਿਆਸ ਕਰਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਦਫ਼ਤਰੀ ਅਤੇ ਨਿੱਜੀ ਪੱਤਰ ਦੇ ਫਾਰਮੇਟ ਦਾ ਅੰਤਰ ਸਮਝਾਉਣਾ।<br>-ਵੱਖ-ਵੱਖ ਵਿਆਕਰਨ ਸ਼੍ਰੇਣੀਆਂ ਦਾ ਵਾਰ-ਵਾਰ ਅਭਿਆਸ ਕਰਾਉਣਾ। |

- **ਉਪਰੋਕਤ ਪਾਠਕ੍ਰਮ 31 ਜਨਵਰੀ 2026 ਤੱਕ ਪੂਰਾ ਕਰ ਲਿਆ ਜਾਵੇ।**
- **ਪਾਠਕ੍ਰਮ ਪੂਰਾ ਹੋਣ ਉਪਰੰਤ ਦੁਹਰਾਈ ਕਰਵਾਈ ਜਾਵੇ।**
- **ਸਲਾਨਾ ਪ੍ਰੀਖਿਆ ਵਿੱਚ ਪੂਰੇ ਪਾਠਕ੍ਰਮ ਦਾ ਮੁਲਾਂਕਣ ਕੀਤਾ ਜਾਵੇਗਾ।**